washington healthplanfinder

click. compare. covered.

# ਸਹਿਤ ਕਵਰੇਜ ਦੇ ਮੂਲ ਅਧਾਰ

ਕਵਰੇਜ ਲੈਣ ਬਾਰੇ ਹਰ ਇੱਕ ਗੱਲ, ਜਸਿ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ



# ਵਿਸ਼ਾ-ਵਸਤੂ


| | |
|---|---|
| **4** | *Washington Healthplanfinder* |
| **5** | ਮੁੱਖ ਸ਼ਰਤਾਂ |
| **6-7** | ਸਿਹਤ ਪਲਾਨ ਦੇ ਮੂਲ ਅਧਾਰ |
| **8** | ਲਾਭ |
| **9** | ਮਾਲੀ ਸਹਾਇਤਾ |
| **10** | Washington Apple Health (Medicaid) |
| **11** | ਸਿਹਤ ਪਲਾਨ ਚੁਣ ਰਹੇ ਹੋ |
| **12-14** | Cascade Care |
| **15-16** | ਕਦੋਂ ਅਪਲਾਈ ਕਰੋ |
| **17** | ਅਪਲਾਈ ਕਰਨ ਲਈ ਮਿਲਾਨ-ਸੂਚੀ |
| **18-23** | ਕਿਵੇਂ ਅਪਲਾਈ ਕਰੋ |
| **23** | ਸਾਡੇ ਬਾਰੇ ਪਤਾ ਲਾਓ! |

# *Washington Healthplanfinder*

## *Washington Healthplanfinder*ਕੀ ਹੈ?

ਵਾੱਸ਼ਿੰਗਟਨ ਵਿੱਚ ਆੱਨਲਾਈਨ ਸਿਹਤ ਪਲਾਨ ਲੈਣ ਲਈ *Washington Healthplanfinder* ਇੱਕ ਥਾਂ ਹੈ। ਵਾੱਸ਼ਿੰਗਟਨ ਵਿਚਲੇ ਲੋਕ ਸਿਹਤ ਪਲਾਨ ਦਾ ਪਤਾ ਲਾ ਸਕਦੇ ਹਨ, ਜੋ ਸਾਡੇ ਰਾਹੀਂ ਉਹਨਾਂ ਲਈ ਕੰਮ ਕਰਦਾ ਹੈ।

*Washington Healthplanfinder* ਅਜਿਹੇ ਪਲਾਨਾਂ ਅਤੇ ਬੱਚਤਾਂ ਦੀ ਪੇਸ਼ਕਸ਼ ਕਰਦਾ ਹੈ, ਜੋ ਹੋਰ ਕਿਤੇ ਉਪਲਬਧ ਨਹੀਂ ਹਨ। ਕਈ ਹੋਰ ਪਲਾਨਾਂ ਦੇ ਮੁਕਾਬਲੇ Cascade Care ਪਲਾਨ ਹੋਰ ਸੇਵਾਵਾਂ ਅਤੇ ਬੱਚਤਾਂ ਉਪਲਬਧ ਕਰਦੀ ਹੈ। ਟੈਕਸ ਕਰੈ੍ਡਿਟ ਵਰਗੇ ਬੱਚਤ ਪਰੋ੍ਗਰਾਮ ਤੁਹਾਡੇ ਪਰ੍ਰੀਮੀਅਮਾਂ ਦੀ ਲਾਗਤ ਘਟਾ ਸਕਦੇ ਹਨ। ਤੁਹਾਨੂੰ ਇਹ ਲਾਭ ਕਿਸੇ ਹੋਰ ਥਾਂ 'ਤੇ ਨਹੀਂ ਮਿਲਣਗੇ।

## ਮੈਂ *Washington Healthplanfinder*ਦੀ ਵਰਤੋਂ ਕਿਵੇਂ ਕਰਾਂ?

*Washington Healthplanfinder* ਨਾਲ ਸਿਹਤ ਪਲਾਨ ਲਈ ਅਪਲਾਈ ਕਰਨਾ ਅਸਾਨ ਕੰਮ ਹੈ। ਤੁਸੀਂ wahealthplanfinder.org 'ਤੇ, WAPlanfinder ਐਪ ਜਾਂ ਫੋਨ 'ਤੇ ਸਾਈਨ ਅਪ ਕਰਕੇ ਪਲਾਨ ਲੈ ਸਕਦੇ ਹੋ।

ਐਪ ਡਾਉਨਲੋਡ ਕਰੋ
**WAPlanfinder**

ਸਾਡੀ ਵੈਬਸਾਈਟ 'ਤੇ ਜਾਓ
**wahealthplanfinder.org**

## ਕੋਈ ਸੁਆਲ ਹਨ? ਗਾਹਕ ਸਹਾਇਤਾ ਨੂੰ ਕਾੱਲ ਕਰੋ।

ਸਾਡਾ ਗਾਹਕ ਸਹਾਇਤਾ ਸੈਂਟਰ 200 ਤੋਂ ਵੱਧ ਭਾਸ਼ਾਵਾਂ ਵਿੱਚ ਮਦਦ ਕਰਦਾ ਹੈ।

ਫੋਨ: **1-855-923-4633**
TTY: **1-855-627-9604**

# ਮੁੱਖ ਸ਼ਰਤਾਂ

ਇਹ ਸ਼ਰਤਾਂ ਤੁਹਾਡੇ ਸਿਹਤ ਪਲਾਨ ਨੂੰ ਸਮਝਣ ਦਾ ਜ਼ਰੀਆ ਹਨ।

### ▶ ਪ੍ਰੀਮੀਅਮ

ਤੁਹਾਡਾ ਪ੍ਰੀਮੀਅਮ ਉਹ ਰਕਮ ਹੈ, ਜਿਸਦਾ ਭੁਗਤਾਨ ਤੁਸੀਂ ਆਪਣੇ ਸਿਹਤ ਪਲਾਨ ਲਈ ਹਰ ਮਹੀਨੇ ਕਰਦੇ ਹੋ। ਭਾਵੇਂ ਤੁਸੀਂ ਕੋਈ ਵੀ ਸਿਹਤ ਸੰਭਾਲ ਸੇਵਾਵਾਂ ਨਹੀਂ ਲਈਆਂ, ਪਰ ਤੁਹਾਨੂੰ ਆਪਣੇ ਪ੍ਰੀਮੀਅਮ ਦਾ ਭੁਗਤਾਨ ਜ਼ਰੂਰ ਕਰਨਾ ਚਾਹੀਦਾ ਹੈ।

### ▶ ਲਾਗਤ ਸਾਂਝੀ ਕਰਨਾ

ਲਾਗਤ ਸਾਂਝੀ ਕਰਨ ਦਾ ਮਤਲਬ, ਸਿਹਤ ਸੰਭਾਲ ਲਾਗਤਾਂ ਦੀ ਉਹ ਰਕਮ ਹੈ, ਜਿਸਦਾ ਤੁਸੀਂ ਭੁਗਤਾਨ ਕਰਦੇ ਹੋ। ਇਸ ਵਿੱਚ ਟੈਕਸ-ਛੋਟ, ਸਹਿ-ਬੀਮਾ ਅਤੇ ਸਹਿ-ਭੁਗਤਾਨ ਸ਼ਾਮਿਲ ਹਨ।

### ▶ ਟੈਕਸ-ਛੋਟ

ਤੁਹਾਡੀ ਟੈਕਸ-ਛੋਟ ਉਹ ਰਕਮ ਹੈ, ਜਿਸ ਨੂੰ ਤੁਹਾਡਾ ਸਿਹਤ ਪਲਾਨ ਸ਼ੁਰੂ ਹੋਣ ਤੋਂ ਪਹਿਲਾਂ ਲਾਗਤ ਸਾਂਝੀ ਕਰਨ ਲਈ ਇਹ ਰਕਮ ਦੇਖਭਾਲ 'ਤੇ ਜ਼ਰੂਰ ਖ਼ਰਚ ਕਰਨੀ ਚਾਹੀਦੀ ਹੈ। ਤੁਹਾਡੀ ਟੈਕਸ-ਛੋਟ ਦੀ ਰਕਮ ਹਰ ਸਾਲ ਦੀ ਸ਼ੁਰੂਆਤ 'ਤੇ ਸ਼ੁਰੂ ਹੁੰਦੀ ਹੈ।

### ▶ ਸਹਿ-ਭੁਗਤਾਨ

ਸਹਿ-ਭੁਗਤਾਨ ਉਹ ਰਕਮ ਹੈ, ਜਿਸਦਾ ਭੁਗਤਾਨ ਤੁਸੀਂ ਘੇਰੇ ਹੇਠਲੀ ਸਿਹਤ-ਸੰਭਾਲ ਸੇਵਾ ਲਈ ਕਰਦੇ ਹੋ। ਜਦੋਂ ਤੁਸੀਂ ਸੇਵਾ ਲੈਂਦੇ ਹੋ, ਤਾਂ ਤੁਹਾਨੂੰ ਸਹਿ-ਭੁਗਤਾਨ ਕਰਨਾ ਪੈਂਦਾ ਹੈ।

### ▶ ਸਹਿ-ਬੀਮਾ

ਸਹਿ-ਬੀਮਾ, ਘੇਰੇ ਹੇਠਲੀ ਸਿਹਤ-ਸੰਭਾਲ ਸੇਵਾ ਦੀ ਲਾਗਤ ਦਾ ਤੁਹਾਡਾ ਹਿੱਸਾ ਹੈ। ਆਪਣੇ ਸਿਹਤ ਪਲਾਨ ਦੀ ਟੈਕਸ ਛੋਟ ਦਾ ਭੁਗਤਾਨ ਕਰਨ ਤੋਂ ਬਾਅਦ ਤੁਸੀਂ ਸਹਿ-ਬੀਮੇ ਦਾ ਭੁਗਤਾਨ ਸ਼ੁਰੂ ਕਰਦੇ ਹੋ।

### ▶ ਵਿੱਤੋਂ ਬਾਹਰੀ ਲਾਗਤ

ਵਿੱਤੋਂ ਬਾਹਰੀ ਲਾਗਤਾਂ ਉਹ ਰਕਮਾਂ ਹਨ, ਜਿਹਨਾਂ ਦਾ ਭੁਗਤਾਨ ਤੁਸੀਂ ਸਿਹਤ ਪਲਾਨ ਲਈ ਕਰਦੇ ਹੋ। ਉਸ ਵਿੱਚ ਤੁਹਾਡੀ ਟੈਕਸ-ਛੋਟ, ਸਹਿ-ਬੀਮਾ ਅਤੇ ਸਹਿ-ਭੁਗਤਾਨ ਨੂੰ ਸ਼ਾਮਿਲ ਹੋ ਸਕਦੇ ਹਨ। ਕੋਈ ਵੀ ਰਕਮ, ਜੋ ਤੁਹਾਡੇ ਸਿਹਤ ਪਲਾਨ ਦੇ ਘੇਰੇ ਹੇਠ ਨਹੀਂ ਆਉਂਦੀ, ਵਿੱਤੋਂ ਬਾਹਰੀ ਲਾਗਤ ਹੈ।

### ▶ ਨੈਟਵਰਕ

ਨੈਟਵਰਕ, ਤੁਹਾਡੇ ਸਿਹਤ ਪਲਾਨ ਦੇ ਘੇਰੇ ਹੇਠ ਆਉਣ ਵਾਲੇ ਪਰ੍ਰੋਵਾਈਡਰਾਂ ਦੀ ਸੂਚੀ ਹੈ। ਤੁਹਾਡੇ ਸਿਹਤ ਪਲਾਨ ਵਲੋਂ ਨੈਟਵਰਕ ਵਿਚਲੇ ਪਰ੍ਰੋਵਾਈਡਰਾਂ ਨੂੰ ਵਲੋਂ ਪਰ੍ਵਾਣਗੀ ਦਿੱਤੀ ਗਈ ਹੈ। ਤੁਹਾਡੇ ਸਿਹਤ ਪਲਾਨ ਵਲੋਂ ਨੈਟਵਰਕ ਤੋਂ ਬਾਹਰੀ ਪਰ੍ਰੋਵਾਈਡਰਾਂ ਨੂੰ ਪਰ੍ਵਾਣਗੀ ਨਹੀਂ ਦਿੱਤੀ ਗਈ।

# ਸਹਿਤ ਪਲਾਨ ਦੇ ਮੂਲ ਅਧਾਰ

## ਸਿਹਤ ਪਲਾਨ ਕੀ ਹੈ?

ਜੇ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਸਿਹਤ ਸੰਭਾਲ ਦੀ ਲੋੜ ਹੈ, ਤਾਂ ਤੁਸੀਂ ਹਰ ਸਾਲ ਸਿਹਤ ਪਲਾਨ ਖ਼ਰੀਦਦੇ ਹੋ। ਜਦੋਂ ਤੁਸੀਂ ਸਿਹਤ ਪਲਾਨ ਲੈਂਦੇ ਹੋ, ਤਾਂ ਸਿਹਤ ਸੰਭਾਲ ਦੀ ਲਾਗਤ ਦੇ ਇੱਕ ਹਿੱਸੇ ਦਾ ਭੁਗਤਾਨ ਤੁਹਾਡੀ ਬੀਮਾ ਕੰਪਨੀ ਕਰਦੀ ਹੈ।

## ਮੈਨੂੰ ਸਿਹਤ ਪਲਾਨ ਦੀ ਲੋੜ ਕਿਉਂ ਹੈ?

ਇੱਥੋਂ ਤੱਕ ਕਿ ਤੰਦਰੁਸਤ ਲੋਕ ਵੀ ਸਿਹਤ ਸੰਭਾਲ ਪਰ੍ਬੰਧ ਦੀ ਵਰਤੋਂ ਕਰਦੇ ਹਨ। ਸਿਹਤ ਪਲਾਨ ਲੈਣਾ, ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਜਦੋਂ ਤੁਸੀਂ ਇੰਜ ਕਰਦੇ ਹੋ, ਤਾਂ ਸਿਹਤ ਸੰਭਾਲ ਲਾਗਤਾਂ ਵਾਜਬ ਹੁੰਦੀਆਂ ਹਨ। ਜੇ ਤੁਸੀਂ ਤੰਦਰੁਸਤ ਹੋ, ਤਾਂ ਸਿਹਤਮੰਦ ਬਣੇ ਰਹਿਣ ਲਈ ਤੁਸੀਂ ਨਿਵਾਰਕ ਦੇਖਭਾਲ ਲੈ ਸਕਦੇ ਹੋ। ਜੇ ਤੁਸੀਂ ਠੀਕ ਨਹੀਂ ਹੋ, ਤਾਂ ਤੁਹਾਨੂੰ ਫੌਰਨ ਇਲਾਜ ਮਿਲ ਸਕਦਾ ਹੈ। ਜਦੋਂ ਤੁਹਾਨੂੰ ਮੈਡੀਕਲ ਸੰਭਾਲ ਦੀ ਲੋੜ ਪੈਂਦੀ ਹੈ, ਤਾਂ ਇਹ ਸੰਭਾਲ ਲੈਣ ਲਈ ਸਿਹਤ ਪਲਾਨ ਵਾਜਬ ਤਰੀਕਾ ਮੁਹੱਈਆ ਕਰਦਾ ਹੈ।



### ਭਵਿੱਖ ਲਈ ਸਿਹਤ ਪਲਾਨ

ਤੁਹਾਨੂੰ ਨਹੀਂ ਪਤਾ ਹੁੰਦਾ ਕਿ ਤੁਹਾਨੂੰ ਕਦੋਂ ਡਾੱਕਟਰ ਕੋਲ ਜਾਣ ਦੀ ਲੋੜ ਪੈ ਜਾਏਗੀ। ਸਿਹਤ ਪਲਾਨ ਹੋਣਾ ਯਕੀਨੀ ਬਣਾਉਂਦਾ ਹੈ ਕਿ ਜਦੋਂ ਤੁਹਾਨੂੰ ਮੈਡੀਕਲ ਸੰਭਾਲ ਦੀ ਲੋੜ ਪੈਂਦੀ ਹੈ, ਤਾਂ ਤੁਹਾਨੂੰ ਇਹ ਮਿਲ ਸਕਦੀ ਹੈ।

ਭਾਵੇਂ ਤੁਸੀਂ ਤੰਦਰੁਸਤ ਹੋ, ਤੁਹਾਡਾ ਸਿਹਤ ਪਲਾਨ ਤੁਹਾਨੂੰ ਸਿਹਤਮੰਦ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।



### ਆਪਣੀ ਸਿਹਤ ਲਈ ਪੈਸਾ ਲਾਉਣਾ

ਸਿਹਤ ਪਲਾਨ ਤੋਂ ਬਿਨਾ ਸਿਹਤ ਸੰਭਾਲ ਦੀਆਂ ਲਾਗਤਾਂ ਮਹਿੰਗੀਆਂ ਪੈ ਸਕਦੀਆਂ ਹਨ। ਨੇਮ ਵਾਲੀਆਂ ਵਿਜ਼ਿਟਾਂ ਤੇਜ਼ੀ ਨਾਲ ਜੁੜਦੀਆਂ ਹਨ। ਅਚਾਨਕ ਲੱਗੀ ਸੱਟ-ਫੇਟ ਜਾਂ ਵੱਡੀ ਬਿਮਾਰੀ ਲਈ ਦੇਖਭਾਲ ਦੀ ਲਾਗਤ ਤੁਹਾਡੀਆਂ ਬੱਚਤਾਂ ਨੂੰ ਖੋਰਾ ਲਾ ਸਕਦੀ ਹੈ।

ਸਿਹਤ ਪਲਾਨ ਲਈ ਅੱਜ ਖ਼ਰਚ ਕੀਤੀ ਗਈ ਥੋੜ੍ਹੀ ਜਿਹੀ ਰਕਮ ਨਾਲ ਤੁਸੀਂ ਭਵਿੱਖ ਵਿੱਚ ਬਹੁਤ ਸਾਰਾ ਪੈਸਾ ਬਚਾ ਸਕਦੇ ਹੋ।

## ਵਾਜਬ ਦੇਖਭਾਲ ਕਾਨੂੰਨ ਕੀ ਹੈ?

ਵਾਜਬ ਦੇਖਭਾਲ ਕਾਨੂੰਨ ਪਾਸ ਕਰਕੇ ਵਾੱਸ਼ਿੰਗਟਨ ਸਟੇਟ ਨੇ *Washington Healthplanfinder* ਤਿਆਰ ਕੀਤਾ ਹੈ ਵਾਜਬ ਦੇਖਭਾਲ ਕਾਨੂੰਨ ਦਾ ਟੀਚਾ ਸਿਹਤ-ਸੰਭਾਲ ਲਾਗਤਾਂ ਨੂੰ ਘੱਟ ਕਰਨਾ ਹੈ। ਪਹਿਲਾਂ ਨਾਲੋਂ ਕਿਤੇ ਵੱਧ ਲੋਕ ਮਾਮੂਲੀ ਜਾਂ ਬਿਨਾ ਲਾਗਤ ਦੇ ਸਿਹਤ ਪਲਾਨ ਲੈ ਸਕਦੇ ਹਨ। ਤੁਹਾਡੀ ਸਥਿਤੀ ਤੁਹਾਨੂੰ Washington Apple Health (Medicaid) ਜਾਂ ਲਾਭਾਂ ਲਈ ਯੋਗ ਬਣਾ ਸਕਦੀ ਹੈ, ਜੋ ਕਵਰੇਜ ਲਈ ਤੁਹਾਡੇ ਵਲੋਂ ਕੀਤੇ ਜਾਣ ਵਾਲੇ ਭੁਗਤਾਨ ਦੀ ਰਕਮ ਨੂੰ ਘਟਾ ਸਕਦੇ ਹਨ।

ਤੁਸੀਂ wahealthplanfinder.org ਅਤੇ WAPlanfinder ਐਪ ‘ਤੇ ਮੁਫ਼ਤ ਜਾਂ ਮਾਮੂਲੀ ਲਾਗਤ ਵਾਲ਼ੀ ਸਿਹਤ ਕਵਰੇਜ ਲਈ ਅਪਲਾਈ ਕਰ ਸਕਦੇ ਹੋ।

## ਕੀ ਕਰਾਂ, ਜੇ ਮੈਨੂੰ ਸਿਹਤ ਪਲਾਨ ਨਹੀ ਮਿਲਦਾ?

ਸਿਹਤ ਪਲਾਨ ਤੋਂ ਬਿਨਾ, ਤੁਹਾਨੂੰ ਮੈਡੀਕਲ ਦੇਖਭਾਲ ਦੀ ਪੂਰੀ ਲਾਗਤ ਦਾ ਭੁਗਤਾਨ ਕਰਨਾ ਪਏਗਾ। ਫ਼ਲੂ ਦੇ ਟੀਕੇ ਦੀ ਲਾਗਤ $50 ਹੋ ਸਕਦੀ ਹੈ। ਹਸਪਤਾਲ ਵਿੱਚ ਤਿੰਨ ਦਿਨ ਰਹਿਣ ਦਾ ਖ਼ਰਚਾ ਹਜ਼ਾਰਾਂ ਡਾੱਲਰ ਬਣਦਾ ਹੈ। ਕੈਂਸਰ ਦੇ ਇਲਾਜ ‘ਤੇ ਲੱਖਾਂ ਡਾੱਲਰ ਲੱਗ ਸਕਦੇ ਹਨ।

ਜੇ ਤੁਸੀਂ ਕਵਰੇਜ ਨਹੀਂ ਲੈਂਦੇ, ਤਾਂ ਤੁਹਾਡੇ ‘ਤੇ ਟੈਕਸ ਸਬੰਧੀ ਜੁਰਮਾਨਾ ਵੀ ਲੱਗ ਸਕਦਾ ਹੈ। ਵਾੱਸ਼ਿੰਗਟਨ ਵਿੱਚ, ਤੁਸੀਂ ਆਪਣੇ ਘਰ ਵਿਚਲੇ ਹਰ ਵਿਅਕਤੀ ਲਈ ਕਵਰੇਜ ਲਓ।

## ਸੰਭਾਲ ਦੀ ਲਾਗਤ ਕਿੰਨੀ ਪੈਂਦੀ ਹੈ?

ਇੱਥੇ ਕੁਝ ਆਮ ਇਲਾਜ ਅਤੇ ਉਹਨਾਂ ‘ਤੇ ਆਉਣ ਵਾਲਾ ਖ਼ਰਚਾ ਦਿੱਤਾ ਗਿਆ ਹੈ। ਤੁਹਾਡਾ ਸਿਹਤ ਪਲਾਨ ਇਹਨਾਂ ਵਰਗੇ ਇਲਾਜਾਂ ਦਾ ਖ਼ਰਚਾ ਤੁਹਾਡੇ ਨਾਲ ਸਾਂਝਾ ਕਰ ਸਕਦਾ ਹੈ।

| ਇਲਾਜ | ਖ਼ਰਚਾ |
|---|---|
| ਦਿਲ ਦੀ ਸਰਜਰੀ | $78,585 |
| ਮੈਮੋਗਰ੍ਹਾਮ | $263 |
| ਰੀੜ੍ਹ ਦੀ ਹੱਡੀ ਦੀ ਸਰਜਰੀ | $13,255 |
| ਕੋਲੋਨਸਕੋਪੀ | $1,484 |
| C-ਸੈਕਸ਼ਨ | $18,098 |
| ਫ਼ੌਰੀ ਸੰਭਾਲ ਦੀ ਵਿਜ਼ਿਟ | $181 |
| ਚੈਕ-ਅਪ ਮੁਆਇਨਾ (ਗਭਰੂਆਂ ਲਈ) | $117 |
| ਐਮਰਜੈਂਸੀ ਰੂਮ ਦੀ ਵਿਜ਼ਿਟ | $579 |

# ਲਾਭ

## ਸਿਹਤ ਪਲਾਨ ਦੇ ਘੇਰੇ ਹੇਠ ਕੀ ਆਉਂਦਾ ਹੈ?

ਇਹ ਦਸ ਜ਼ਰੂਰੀ ਸਿਹਤ ਲਾਭ, ਸਾਰੇ ਸਿਹਤ ਪਲਾਨਾਂ ਦੇ ਘੇਰੇ ਹੇਠ ਆਉਂਦੇ ਹਨ। ਕੁਝ ਪਲਾਨ, ਜਿਵੇਂ Cascade Care ਦੇ ਪਲਾਨਾਂ ਦੇ ਘੇਰੇ ਹੇਠ ਵੱਧ ਇਲਾਜ ਆਉਂਦੇ ਹਨ।

### ਜ਼ਰੂਰੀ ਸਿਹਤ ਲਾਭ

- ਡਾੱਕਟਰ ਦੀਆਂ ਵਿਜ਼ਿਟਾਂ ਅਤੇ ਹਸਪਤਾਲ ਵਿੱਚ ਰਹਿਣਾ
- ਐਮਰਜੈਂਸੀ ਰੂਮ ਦੀ ਵਿਜ਼ਿਟ
- ਜਣੇਪਾ ਸੰਭਾਲ
- ਮਾਨਸਿਕ ਸਿਹਤ ਸੇਵਾਵਾਂ ਅਤੇ ਨਸ਼ੀਲੀਆਂ ਦਵਾਈਆਂ ਦੀ ਦੁਰਵਰਤੋਂ ਦਾ ਇਲਾਜ
- ਦਵਾਈਆਂ ਲਿਖਕੇ ਦੇਣੀਆਂ
- ਤੁਹਾਡੇ ਜ਼ਖ਼ਮੀ ਹੋਣ 'ਤੇ ਮਿਲਣ ਵਾਲੀਆਂ ਰਿਕਵਰੀ ਸੇਵਾਵਾਂ
- ਲੈਬ ਟੈਸਟ
- ਰੋਗ-ਨਿਵਾਰਕ ਸੇਵਾਵਾਂ
- ਪੁਰਾਣੀਆਂ ਬਿਮਾਰੀਆਂ ਦੇ ਲੱਛਣਾਂ ਦਾ ਇਲਾਜ ਕਰਨਾ
- ਬੱਚਿਆਂ ਦੇ ਇਲਾਜ ਸਬੰਧੀ ਦੇਖਭਾਲ

### ▶ Cascade Care

ਤੁਸੀਂ Cascade Care ਪਲਾਨ ਨਾਲ ਪਹਿਲਾਂ ਨਾਲੋਂ ਕਿਤੇ ਵੱਧ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ ਅਤੇ ਬੱਚਤ ਕਰ ਸਕਦੇ ਹੋ।

### ▶ ਕੁਆਲਿਟੀ ਦੀ ਸੰਭਾਲ

ਭਾਵੇਂ ਤੁਸੀਂ ਸਿਹਤ ਪਲਾਨ ਦੇ ਘੇਰੇ ਹੇਠ ਨਹੀਂ ਹੁੰਦੇ, ਤਾਂ ਵੀ ਤੁਹਾਨੂੰ ਮਿਲਣ ਵਾਲੀ ਦੇਖਭਾਲ ਦੇ ਮੁਕਾਬਲੇ ਕਈ ਪਲਾਨ ਤੁਹਾਨੂੰ ਉੱਚ-ਕੁਆਲਿਟੀ ਦੀ ਦੇਖਭਾਲ ਦਿੰਦੇ ਹਨ।

### ▶ ਕੋਈ ਮਨਾਹੀ ਨਹੀਂ

ਪਹਿਲਾਂ ਤੋਂ ਮੌਜੂਦ ਸਥਿਤੀਆਂ ਕਰਕੇ ਤੁਹਾਨੂੰ ਕਵਰੇਜ ਦੇਣ ਤੋਂ ਮਨਾ੍ਹ ਨਹੀਂ ਕੀਤਾ ਜਾਏਗਾ।

### ▶ ਮੁਫ਼ਤ ਰੋਗ-ਨਿਵਾਰਕ ਸੰਭਾਲ

ਚੈਕਅਪ ਅਤੇ ਟੀਕਿਆਂ ਵਰਗੀਆਂ ਸੇਵਾਵਾਂ ਪੂਰੀ ਤਰ੍ਹਾਂ ਘੇਰੇ ਹੇਠ ਹੁੰਦੀਆਂ ਹਨ।

# ਮਾਲੀ ਸਹਾਇਤਾ

## ਟੈਕਸ ਕਰੈਡਿਟ ਕੀ ਹਨ?

ਟੈਕਸ ਕਰੈਡਿਟ, ਹਰ ਮਹੀਨੇ ਆਪਣੇ ਸਿਹਤ ਪਲਾਨ ਲਈ ਤੁਹਾਡੇ ਵਲੋਂ ਭੁਗਤਾਨ ਕੀਤੀ ਜਾਣ ਵਾਲੀ ਰਕਮ ਘਟਾ ਸਕਦੇ ਹਨ। ਉਹਨਾਂ ਦਾ ਭੁਗਤਾਨ ਸਰਕਾਰ ਵਲੋਂ ਕੀਤਾ ਜਾਂਦਾ ਹੈ ਅਤੇ ਤੁਹਾਡੇ ਸਿਹਤ ਪਲਾਨ ਦੇ ਪਰੀਮੀਅਮ 'ਤੇ ਲਾਗੂ ਹੁੰਦਾ ਹੈ। ਟੈਕਸ ਕਰੈਡਿਟ ਸਿਰਫ਼ *Washington Healthplanfinder* ਰਾਹੀਂ ਉਪਲਬਧ ਹਨ।

## ਟੈਕਸ ਕਰੈਡਿਟ ਕੌਣ ਪਰ੍ਾਪਤ ਕਰ ਸਕਦਾ ਹੈ?

ਤੁਹਾਨੂੰ ਮਿਲਣ ਵਾਲੇ ਟੈਕਸ ਕਰੈਡਿਟ, ਤੁਹਾਡੀ ਆਮਦਨ ਅਤੇ ਤੁਹਾਡੇ ਘਰ ਦੇ ਮੈਂਬਰਾਂ ਦੀ ਗਿਣਤੀ 'ਤੇ ਨਿਰਭਰ ਕਰਦੇ ਹਨ। ਤੁਹਾਡੇ ਘਰ ਦੀ ਆਮਦਨ ਜਿੰਨੀ ਘੱਟ ਹੁੰਦੀ ਹੈ, ਤੁਸੀਂ ਓਨੇ ਹੀ ਵੱਧ ਟੈਕਸ ਕਰੈਡਿਟਾਂ ਲਈ ਯੋਗ ਹੋ ਸਕਦੇ ਹੋ। ਤੁਹਾਡੇ ਵਲੋਂ ਰਜਿਸਟਰੇਸ਼ਨ ਕਰਾਉਣ ਵੇਲੇ ਇਸ ਰਕਮ ਦਾ ਹਿਸਾਬ ਲਾਇਆ ਜਾਂਦਾ ਹੈ। ਜੇ ਹੇਠਾਂ ਦਿੱਤੀਆਂ ਗੱਲਾਂ ਸਹੀ ਹਨ, ਤਾਂ ਤੁਸੀਂ ਟੈਕਸ ਕਰੈਡਿਟਾਂ ਲਈ ਯੋਗ ਹੋ ਸਕਦੇ ਹੋ:

- ਤੁਸੀਂ Washington Apple Health (Medicaid) ਜਾਂ Medicare ਲਈ ਯੋਗ ਨਹੀਂ ਹੋ।
- ਤੁਹਾਡਾ ਆਪਣੀ ਨੌਕਰੀ ਜਾਂ ਕਿਸੇ ਹੋਰ ਸਰਕਾਰੀ ਪਰੋਗਰਾਮ ਰਾਹੀਂ ਬੀਮਾ ਨਹੀਂ ਹੈ।
- ਤੁਸੀਂ ਅਮਰੀਕੀ ਨਾਗਰਿਕ ਹੋ ਜਾਂ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਮੌਜੂਦ ਹੋ ਅਤੇ ਵਾੱਸ਼ਿੰਗਟਨ ਵਿੱਚ ਰਹਿੰਦੇ ਹੋ।
- ਜੇ ਤੁਸੀਂ ਵਿਆਹੁਤਾ ਹੋ ਜਾਂ ਤੁਸੀਂ ਵਿਆਹੁਤਾ ਲੋਕਾਂ ਵਲੋਂ ਵੱਖਰੇ ਤੌਰ 'ਤੇ ਭਰੀ ਜਾਣ ਵਾਲੀ ਟੈਕਸ ਰਿਟਰਨ ਨਹੀਂ ਭਰਦੇ ਹਨ।

## Cascade Care Savings ਕੀ ਹੈ?

Cascade Care Savings ਪਰੋਗਰਾਮ ਤੁਹਾਡੇ ਸਿਹਤ ਪਲਾਨ ਦੇ ਪਰੀਮੀਅਮ ਦੀ ਲਾਗਤ ਨੂੰ ਘਟਾਉਂਦੇ ਹਨ। ਜੇ ਤੁਸੀਂ ਯੋਗ ਹੋ, ਤਾਂ ਸਟੇਟ ਤੁਹਾਡੇ ਪਰੀਮੀਅਮ ਦੇ ਹਿੱਸੇ ਦਾ ਭੁਗਤਾਨ ਕਰੇਗਾ।

## Cascade Care Savings ਕੌਣ ਪਰ੍ਾਪਤ ਕਰ ਸਕਦਾ/ਸਕਦੀ ਹੈ?

ਜੇ ਹੇਠਾਂ ਦਿੱਤੀਆਂ ਗੱਲਾਂ ਸਹੀ ਹਨ, ਤਾਂ ਤੁਸੀਂ Cascade Care Savings ਲਈ ਯੋਗ ਹੋ ਸਕਦੇ ਹੋ:

- ਤੁਹਾਡੀ ਆਮਦਨ ਫ਼ੈਡਰਲ ਗ਼ਰੀਬੀ ਪੱਧਰ ਦੇ 250% ਨਾਲੋਂ ਘੱਟ ਹੈ।
- ਤੁਸੀਂ Washington Apple Health (Medicaid) ਜਾਂ Medicare ਲਈ ਯੋਗ ਨਹੀਂ ਹੋ।
- ਤੁਹਾਡਾ ਨਾਂ Cascade Care ਸਿਲਵਰ ਜਾਂ ਗੋਲਡ ਪਲਾਨ ਵਿੱਚ ਰਜਿਸਟਰਡ ਹੈ।
- ਜੇ ਤੁਸੀਂ ਟੈਕਸ ਕਰੈਡਿਟਾਂ ਲਈ ਯੋਗ ਹੋ, ਤਾਂ ਤੁਸੀਂ ਪੂਰੀ ਰਕਮ ਪਰਵਾਣ ਕੀਤੀ ਹੈ, ਜੋ ਤੁਹਾਨੂੰ ਮਿਲ ਸਕਦੀ ਹੈ।

# Washington Apple Health (Medicaid)

## Apple Health ਕੀ ਹੈ?

Apple Health ਨੂੰ ਵਾੱਸ਼ਿੰਗਟਨ ਵਿੱਚ Medicaid ਕਿਹਾ ਜਾਂਦਾ ਹੈ। ਇਸਦੇ ਘੇਰੇ ਹੇਠ ਸਾਰੇ ਜ਼ਰੂਰੀ ਸਿਹਤ ਲਾਭ ਆਉਂਦੇ ਹਨ। ਕਈ ਲੋਕਾਂ ਨੂੰ Apple Health ਬਿਲਕੁਲ ਮੁਫ਼ਤ ਮਿਲ ਸਕਦੀ ਹੈ। ਕਈਆਂ ਨੂੰ ਮਹੀਨੇਵਾਰ ਪਰ੍ਰੀਮੀਅਮ ਦਾ ਭੁਗਤਾਨ ਕਰਨਾ ਪੈ ਸਕਦਾ ਹੈ।

ਤੁਸੀਂ *Washington Healthplanfinder* ਰਾਹੀਂ ਕਿਸੇ ਵੀ ਸਮੇਂ Apple Health ਲਈ ਅਪਲਾਈ ਕਰ ਸਕਦੇ ਹੋ।

## Apple Health ਕੌਣ ਪਰ੍ਰਾਪਤ ਕਰ ਸਕਦਾ ਹੈ?

ਜੇ ਇਹ ਤਿੰਨ ਗੱਲਾਂ ਸਹੀ ਹਨ, ਤਾਂ ਤੁਹਾਨੂੰ Apple Health ਮਿਲ ਸਕਦੀ ਹੈ। ਜੇ ਤੁਹਾਨੂੰ ਨਹੀਂ ਪਤਾ ਕਿ ਤੁਸੀਂ ਯੋਗ ਹੋ, ਤਾਂ ਇੱਕ ਖਾਤਾ ਬਣਾਓ ਜਾਂ *Washington Healthplanfinder* ਵਿੱਚ ਸਾਈਨ ਇਨ ਕਰੋ।


- ਤੁਹਾਡੀ ਆਮਦਨ ਫ਼ੈਡਰਲ ਗ਼ਰੀਬੀ ਪੱਧਰ ਦੇ 138% ਨਾਲੋਂ ਘੱਟ ਹੈ।
- ਤੁਸੀਂ ਅਮਰੀਕੀ ਨਾਗਰਿਕ ਹੋ ਜਾਂ ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਮੌਜੂਦ ਹੋ ਅਤੇ ਵਾੱਸ਼ਿੰਗਟਨ ਵਿੱਚ ਰਹਿੰਦੇ ਹੋ।
- ਤੁਹਾਡੀ ਉਮਰ 65 ਸਾਲ ਤੋਂ ਘੱਟ ਹੈ।

# ਸਹਿਤ ਪਲਾਨ ਚੁਣ ਰਹੇ ਹੋ

## ਇਸ ਨੂੰ ਪੇਚੀਦਾ ਨਾ ਬਣਾਓ। ਸਹੀ ਪਲਾਨ ਲੱਭਣਾ ਅਸਾਨ ਹੋ ਸਕਦਾ ਹੈ।

ਸਿਹਤ ਪਲਾਨ ਦੀ ਚੋਣ ਕਰਨ ਲੱਗਿਆਂ, ਤੁਹਾਨੂੰ ਬਹੁਤ ਕੁਝ ਸੋਚਣਾ ਪੈਂਦਾ ਹੈ। ਤੁਸੀਂ ਕਈ ਪਲਾਨਾਂ ਲਈ ਯੋਗ ਹੋ ਸਕਦੇ ਹੋ, ਪਰ ਤੁਹਾਨੂੰ ਯਕੀਨ ਨਹੀਂ ਹੈ ਕਿ ਤੁਹਾਡੀਆਂ ਜ਼ਰੂਰਤਾਂ ਲਈ ਕਿਹੜਾ ਪਲਾਨ ਵਧੀਆ ਹੈ। ਵੱਖ-ਵੱਖ ਪਲਾਨ ਕਈ ਤਰ੍ਹਾਂ ਦੇ ਲਾਭ ਦਿੰਦੇ ਹਨ। ਕਿੰਨੀ ਮੈਡੀਕਲ ਲਾਗਤ ਬਣਦੀ ਹੈ ਜਾਂ ਸਿਹਤ ਬੀਮੇ ਦੇ ਘੇਰੇ ਹੇਠ ਆਉਂਦੀ ਹੈ, ਦੇ ਹਰ ਪੱਧਰ ਲਈ ਵਧੀਆ ਲਾਭ ਦੇਣ ਵਾਸਤੇ Cascade Care ਪਲਾਨ ਮਿਆਰੀ ਲਾਗਤ ਸਾਂਝੀ ਕਰਨ ਦੀ ਵਰਤੋਂ ਕਰਦੀ ਹੈ।

ਢੁਕਵਾਂ ਸਿਹਤ ਪਲਾਨ ਚੁਣਨ ਲਈ ਹੇਠਾਂ ਦਿੱਤੇ ਸੁਆਲ ਤੁਹਾਨੂੰ ਸੇਧ ਦੇ ਸਕਦੇ ਹਨ।




- **ਮੈਂ ਹਰ ਮਹੀਨੇ ਕਿੰਨਾ ਭੁਗਤਾਨ ਕਰ ਸਕਦਾ/ਸਕਦੀ ਹਾਂ?**
  ਸਿਹਤ ਪਲਾਨਾਂ ਦੇ ਮਹੀਨੇਵਾਰ ਪਰੀਮੀਅਮ ਵੱਖੋ-ਵੱਖ ਹੁੰਦੇ ਹਨ।
- **ਕੀ ਮੈਨੂੰ ਮੁਢਲੀ ਦੇਖਭਾਲ ਬਾਰੇ ਫਿਜ਼ੀਸ਼ੀਅਨ ਚੁਣਨ ਦੀ ਲੋੜ ਹੈ?**
  ਕੁਝ ਪਲਾਨ ਤੁਹਾਡੇ ਲਈ ਪਰੋਵਾਈਡਰ ਮੁਹੱਈਆ ਕਰਦੇ ਹਨ।
- **ਕੀ ਮੇਰਾ ਮੌਜੂਦਾ ਡਾੱਕਟਰ ਪਲਾਨ ਦੇ ਨੈਟਵਰਕ ਵਿੱਚ ਸ਼ਾਮਿਲ ਹੈ?**
  ਯਕੀਨੀ ਬਣਾਓ ਕਿ ਤੁਹਾਡਾ ਮੌਜੂਦਾ ਡਾੱਕਟਰ ਘੇਰੇ ਹੇਠ ਹੈ।
- **ਸਪੈਸ਼ਲਿਸਟ ਨੂੰ ਮਿਲਣ ਲਈ ਕੀ ਮੈਨੂੰ ਲਿਖਤੀ ਰੈਫ਼ਰਲ ਲੈਣਾ ਪੈਂਦਾ ਹੈ?**
  ਕੁਝ ਪਲਾਨਾਂ ਲਈ ਲਿਖਤੀ ਰੈਫ਼ਰਲ ਲੈਣੇ ਪੈਂਦੇ ਹਨ।
- **ਡਾੱਕਟਰ ਬਦਲਣੇ ਕਿੰਨਾ ਅਸਾਨ ਕੰਮ ਹੈ?**
  ਕੁਝ ਪਲਾਨ ਤੁਹਾਡੇ ਲਈ ਡਾੱਕਟਰ ਮੁਹੱਈਆ ਕਰਦੇ ਹਨ।
- **ਕੀ ਟੈਕਸ-ਛੋਟ ਮਿਲਦੀ ਹੈ?**
  ਆਪਣੇ ਪਲਾਨ ਦੀਆਂ ਆਪਣੀਆਂ ਲਾਗਤਾਂ ਸਾਂਝੀਆਂ ਕਰਨ ਤੋਂ ਪਹਿਲਾਂ ਤੁਹਾਨੂੰ ਆਪਣੀ ਟੈਕਸ-ਛੋਟ ਜ਼ਰੂਰ ਪੂਰੀ ਕਰਨੀ ਚਾਹੀਦੀ ਹੈ।
- **ਇਸ ਪਲਾਨ ਦੀਆਂ ਵਿੱਤੋਂ-ਬਾਹਰੀ ਲਾਗਤਾਂ ਕਿਹੜੀਆਂ ਹਨ?**
  ਵਾਰ-ਵਾਰ ਕੀਤੀਆਂ ਜਾਣ ਵਾਲੀਆਂ ਵਿਜ਼ਿਟਾਂ ਨਾਲ ਵਿੱਤੋਂ-ਬਾਹਰੀ ਲਾਗਤਾਂ ਜੁੜ ਜਾਂਦੀਆਂ ਹਨ।
- **ਇਹ ਪਲਾਨ ਐਮਰਜੈਂਸੀ ਰੂਮ ਦੀਆਂ ਵਿਜ਼ਿਟਾਂ ਨੂੰ ਕਿਵੇਂ ਸਿਰੇ ਚਾੜ੍ਹਦਾ ਹੈ?**
  ਜਾਣੋ ਕਿ ਐਮਰਜੈਂਸੀ ਪੈਣ 'ਤੇ ਕੀ ਕਰੋ।
- **ਕੀ ਮੈਂ ਅਗਲੇ ਸਾਲ ਵਿੱਚ ਕਿਸੇ ਵੱਡੇ ਮੈਡੀਕਲ ਖ਼ਰਚਿਆਂ ਦੀ ਉਮੀਦ ਕਰ ਰਿਹਾ/ਰਹੀ ਹਾਂ?**
  ਜੇ ਤੁਸੀਂ ਬੱਚਾ ਹੋਣ ਜਾਂ ਹੋਰ ਵੱਡਾ ਖ਼ਰਚਾ ਹੋਣ ਦੀ ਉਮੀਦ ਕਰ ਰਹੇ ਹੋ, ਤਾਂ ਤੁਹਾਨੂੰ ਹੋਰ ਕਵਰੇਜ ਲੈਣੀ ਪੈ ਸਕਦੀ ਹੈ।

# Cascade Care

## Cascade Care ਦੇ ਕਿਹੜੇ ਪਲਾਨ ਹਨ?

Cascade Care ਪਲਾਨ *Washington Healthplanfinder* ਰਾਹੀਂ ਉਪਲਬਧ ਢੁਕਵੇਂ ਸਿਹਤ ਪਲਾਨ ਦੀ ਇੱਕ ਕਿਸਮ ਹੈ। ਕਈ ਪਲਾਨਾਂ ਦੇ ਮੁਕਾਬਲੇ, ਉਹਨਾਂ ਦੇ ਘੇਰੇ ਹੇਠ ਜ਼ਰੂਰੀ ਸਿਹਤ ਲਾਭ ਅਤੇ ਹੋਰ ਸੇਵਾਵਾਂ ਅਤੇ ਬੱਚਤਾਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

Cascade Care ਪਲਾਨ ਦੀਆਂ ਦੋ ਕਿਸਮਾਂ ਹਨ: ਕਾਸਕੇਡ ਪਲਾਨ ਅਤੇ ਕਾਸਕੇਡ ਸਲੈਕਟ ਪਲਾਨ। ਕਾਸਕੇਡ ਸਲੈਕਟ ਪਲਾਨ ਨੂੰ ਉੱਚ ਮਿਆਰ ਜ਼ਰੂਰ ਪੂਰੇ ਕਰਨੇ ਚਾਹੀਦੇ ਹਨ। ਹੋਰਨਾਂ ਪਲਾਨਾਂ ਦੇ ਮੁਕਾਬਲੇ ਉਹ ਵੱਧ ਕੁਆਲਿਟੀ ਅਤੇ ਮੁੱਲ ਦੀ ਪੇਸ਼ਕਸ਼ ਕਰਦੇ ਹਨ।

## ਮੈਨੂੰ Cascade Care ਪਲਾਨ ਦੀ ਚੋਣ ਕਿਉਂ ਕਰਨੀ ਚਾਹੀਦੀ ਹੈ?

Cascade Care ਦੇ ਪਲਾਨ ਘੱਟ ਲਾਗਤ ਵਿੱਚ ਵੱਧ ਕਵਰੇਜ ਦੀ ਪੇਸ਼ਕਸ਼ ਕਰਦੇ ਹਨ। ਇਸ ਤੋਂ ਪਹਿਲਾਂ ਕਿ ਉਹ ਬਹੁਤੇ ਪਲਾਨਾਂ ਦੇ ਮੁਕਾਬਲੇ ਹੋਰ ਸੇਵਾਵਾਂ ਨੂੰ ਘੇਰੇ ਹੇਠ ਲਿਆਉਣ, ਤੁਹਾਨੂੰ ਟੈਕਸ-ਛੋਟ ਜ਼ਰੂਰ ਸਿਰੇ ਚਾੜ੍ਹਨੀ ਚਾਹੀਦੀ ਹੈ। ਇਸ ਵਿੱਚ ਮੁਢਲੀ ਸੰਭਾਲ, ਮਾਨਸਿਕ ਸਿਹਤ ਸੇਵਾਵਾਂ, ਜੈਨਰਿਕ ਦਵਾਈਆਂ ਅਤੇ ਹੋਰ ਬਹੁਤ ਕੁਝ ਸ਼ਾਮਿਲ ਹੁੰਦਾ ਹੈ।

ਤੁਸੀਂ ਵਿੱਤੋਂ-ਬਾਹਰੀ ਲਾਗਤਾਂ 'ਤੇ ਵੀ ਬੱਚਤ ਕਰਦੇ ਹੋ। ਜਦੋਂ ਤੁਸੀਂ Cascade Care ਪਲਾਨ ਦੀ ਚੋਣ ਕਰਦੇ ਹੋ, ਤਾਂ ਔਸਤਨ, ਤੁਹਾਡੀ ਟੈਕਸ-ਛੋਟ $1,000 ਘੱਟ ਹੁੰਦੀ ਹੈ।

## Cascade Care ਪਲਾਨ ਕਿਵੇਂ ਕੰਮ ਕਰਦੇ ਹਨ?

Cascade Care ਪਲਾਨ ਲਾਗਤ ਸਾਂਝੀ ਕਰਨ ਦੇ ਮਿਆਰੀ ਡਿਜ਼ਾਈਨ ਦੀ ਵਰਤੋਂ ਕਰਦੇ ਹਨ। ਇਸਦਾ ਮਤਲਬ ਹੈ, ਕੁਝ-ਕੁ ਗੱਲਾਂ। ਪਹਿਲੀ, ਬੀਮਾ ਕੰਪਨੀਆਂ ਵਿਚਕਾਰ ਵਿੱਤੋਂ-ਬਾਹਰੀ ਲਾਗਤਾਂ ਇੱਕੋ ਜਿਹੀਆਂ ਹੁੰਦੀਆਂ ਹਨ। ਕਿੰਨੀ ਮੈਡੀਕਲ ਲਾਗਤ ਬਣਦੀ ਹੈ ਜਾਂ ਸਿਹਤ ਬੀਮੇ ਦੇ ਘੇਰੇ ਹੇਠ ਆਉਂਦੀ ਹੈ, ਦੇ ਹਰ ਪੱਧਰ ਲਈ Cascade Care ਦੇ ਸਾਰੇ ਪਲਾਨ ਉਹੀ ਟੈਕਸ-ਛੋਟ, ਸਹਿ-ਭੁਗਤਾਨ ਅਤੇ ਸਹਿ-ਬੀਮਾ ਸਾਂਝਾ ਕਰਦੇ ਹਨ।

ਦੂਜੀ, Cascade Care ਪਲਾਨ ਉਹੀ ਕਵਰੇਜ ਸਾਂਝੀ ਕਰਦੇ ਹਨ। ਟੈਕਸ-ਛੋਟ ਪੂਰੀ ਕਰਨ ਤੋਂ ਪਹਿਲਾਂ ਉਹ ਉਹੀ ਸੇਵਾਵਾਂ ਘੇਰੇ ਹੇਠ ਲਿਆਉਂਦੇ ਹਨ। ਇਹ ਪਤਾ ਲੱਗਦਿਆਂ ਹੀ ਕਿ ਤੁਹਾਡੇ ਕੋਲ ਬਿਹਤਰੀਨ ਕਵਰੇਜ ਉਪਲਬਧ ਹੈ, ਨਾਲ ਤੁਸੀਂ ਅਰਾਮ ਨਾਲ ਜ਼ਿੰਦਗੀ ਗੁਜ਼ਾਰ ਸਕਦੇ ਹੋ।

## ਹੋਰ ਚੋਣਾਂ। ਹੋਰ ਮੁੱਲ।

ਕਾਸਕੇਡ ਅਤੇ ਕਾਸਕੇਡ ਸਲੈਕਟ ਪਲਾਨ ਤੁਹਾਨੂੰ ਹੋਰ ਵਿਕਲਪ ਅਤੇ ਹੋਰ ਮੁੱਲ ਦੀ ਪੇਸ਼ਕਸ਼ ਕਰਦੇ ਹਨ। ਉਹਨਾਂ ਦਾ ਲਾਗਤ-ਸਾਂਝੀ ਕਰਨ ਦਾ ਮਿਆਰੀ ਡਿਜ਼ਾਈਨ ਯਕੀਨੀ ਬਣਾਉਂਦਾ ਹੈ ਕਿ ਤੁਹਾਨੂੰ ਵਧੀਆ ਕਵਰੇਜ ਮਿਲੇ, ਜੋ ਤੁਸੀਂ ਲੈ ਸਕਦੇ ਹੋ।

Cascade Care ਪਲਾਨ ਸਿਰਫ਼ *Washington Healthplanfinder* ਰਾਹੀਂ ਉਪਲਬਧ ਹੈ। ਕਿ ਤੁਸੀਂ ਯੋਗ ਹੋ, ਵੇਖਣ ਲਈ ਆਪਣੇ ਖਾਤੇ ਵਿੱਚ ਸਾਈਨ ਇਨ ਕਰੋ।



## ਯੋਜਨਾਵਾਂ *Washington Healthplanfinder* 'ਤੇ ਉਪਲਬਧ ਹਨ

| | ਗੈਰ-Cascade ਯੋਜਨਾਵਾਂ | Cascade ਯੋਜਨਾਵਾਂ | Cascade ਯੋਜਨਾਵਾਂ ਚੁਣੋ |
|---|---|---|---|
| ਟੈਕਸ ਕਰੈ੍ਡਿਟ ਲਈ ਪਾਤਰ | ✔ | ✔ | ✔ |
| ਕਾਸਕੇਡ ਕੇਅਰ ਸੇਵਿੰਗਸ (Cascade Care Savings) ਲਈ ਹੱਕਦਾਰ | | ✔ | ✔ |
| ਯੋਗਤਾਪਰ੍ਾਪਤ ਸਿਹਤ ਯੋਜਨਾ (ਗੁਣਵੱਤਾ ਦੇ ਮਿਆਰਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ) | ✔ | ✔ | ✔ |
| ਸਾਰੇ ਦਸ ਜ਼ਰੂਰੀ ਸਿਹਤ ਲਾਭਾਂ ਨੂੰ ਕਵਰ ਕਰਦਾ ਹੈ | ✔ | ✔ | ✔ |
| ਮਿਆਰੀ ਲਾਗਤ-ਸ਼ੇਅਰਿੰਗ (ਯੋਜਨਾਵਾਂ ਸਮਾਨ ਕਟੌਤੀਯੋਗ, ਸਹਿ-ਭੁਗਤਾਨ ਅਤੇ ਸਹਿ-ਬੀਮਾ ਨੂੰ ਸਾਂਝਾ ਕਰਦੀਆਂ ਹਨ) | | ✔ | ✔ |
| ਕਟੌਤੀਯੋਗ ਹੋਣ ਤੋਂ ਪਹਿਲਾਂ ਪਰ੍ਾਇਮਰੀ ਦੇਖਭਾਲ, ਬਹੁਤ ਜ਼ਰੂਰੀ ਦੇਖਭਾਲ, ਮਾਨਸਿਕ ਸਿਹਤ ਦੇਖਭਾਲ, ਜੈਨਰਿਕ ਦਵਾਵਾਂ ਅਤੇ ਹੋਰ ਬਹੁਤ ਕੁਝ ਨੂੰ ਕਵਰ ਕਰਦਾ ਹੈ | | ✔ | ✔ |
| ਸਿਰਫ਼ *Washington Healthplanfinder* ਦੁਆਰਾ ਪੇਸ਼ ਕੀਤਾ ਜਾਂਦਾ ਹੈ | | ✔ | ✔ |
| ਵਾਸ਼ਿੰਗਟਨ ਦੀ ਹਰੇਕ ਕਾਉਂਟੀ ਵਿੱਚ ਪੇਸ਼ ਕੀਤਾ ਜਾਂਦਾ ਹੈ | ✔ | ✔ | |

# ਕਦੋਂ ਅਪਲਾਈ ਕਰੋ

## ਸਿਹਤ ਪਲਾਨ ਲਈ ਮੈਂ ਕਦੋਂ ਅਪਲਾਈ ਕਰ ਸਕਦਾ/ਸਕਦੀ ਹਾਂ?

ਖੁੱਲ੍ਹੀ ਰਜਿਸਟਰੇਸ਼ਨ ਦੌਰਾਨ, ਤੁਸੀਂ ਸਿਹਤ ਪਲਾਨ ਲਈ ਅਪਲਾਈ ਕਰ ਸਕਦੇ ਹੋ। ਖੁੱਲ੍ਹੀ ਰਜਿਸਟਰੇਸ਼ਨ ਸਾਲ ਦਾ ਉਹ ਸਮਾਂ ਹੁੰਦਾ ਹੈ, ਜਦੋਂ ਤੁਸੀਂ *Washington Healthplanfinder* 'ਤੇ ਢੁਕਵਾਂ ਸਿਹਤ ਪਲਾਨ ਅਤੇ ਢੁਕਵਾਂ ਡੈਂਟਲ ਪਲਾਨ ਲੈ ਸਕਦੇ ਹੋ। ਇਹ ਰਜਿਸਟਰੇਸ਼ਨ ਹਰ ਸਾਲ 1 ਨਵੰਬਰ ਨੂੰ ਸ਼ੁਰੂ ਹੁੰਦੀ ਹੈ।

## ਜੇ ਮੈਨੂੰ ਖੁੱਲ੍ਹੀ ਰਜਿਸਟਰੇਸ਼ਨ ਤੋਂ ਪਹਿਲਾਂ ਕਵਰੇਜ ਦੀ ਲੋੜ ਹੈ, ਤਾਂ ਕੀ ਕਰਾਂ?

ਜ਼ਿੰਦਗੀ ਵਿਚਲੀਆਂ ਕੁਝ ਤਬਦੀਲੀਆਂ ਕਰਕੇ ਤੁਹਾਨੂੰ ਸਾਲ ਦੇ ਕਿਸੇ ਵੀ ਸਮੇਂ ਸਿਹਤ ਪਲਾਨ ਲਈ ਸਾਈਨ ਅਪ ਕਰਨ ਦਾ ਮੌਕਾ ਮਿਲਦਾ ਹੈ। ਇਸ ਨੂੰ ਵਿਸ਼ੇਸ਼ ਰਜਿਸਟਰੇਸ਼ਨ ਕਿਹਾ ਜਾਂਦਾ ਹੈ। ਜ਼ਿੰਦਗੀ ਵਿੱਚ ਯੋਗਤਾ ਵਾਲੀ ਕੋਈ ਵੀ ਘਟਨਾ ਵਾਪਰਣ ਤੋਂ ਬਾਅਦ 60 ਦਿਨਾਂ ਤੱਕ ਤੁਸੀਂ ਵਿਸ਼ੇਸ਼ ਰਜਿਸਟਰੇਸ਼ਨ ਲਈ ਅਪਲਾਈ ਕਰ ਸਕਦੇ ਹੋ।

### ਜ਼ਿੰਦਗੀ ਵਿੱਚ ਯੋਗਤਾ ਵਾਲੀਆਂ ਕੋਈ ਵੀ ਘਟਨਾਵਾਂ

- ਵਿਆਹ
- ਹੈਟਰੋਸੈਕਸੁਅਲ ਜਾਂ ਸਮਲਿੰਗੀ ਜੋੜਿਆਂ ਦਾ ਬਿਨਾ ਵਿਆਹ ਕੀਤਿਆਂ ਨਾਲ ਰਹਿਣਾ
- ਜਨਮ
- ਗੋਦ ਲੈਣਾ ਜਾਂ ਲੇਪਾਲਕ ਸੰਭਾਲ
- ਛੇਤੀ ਰਿਟਾਇਰਮੈਂਟ ਲੈਣੀ
- ਮੌਤ, ਤਲਾਕ ਜਾਂ ਕਾਨੂੰਨੀ ਅਲਹਿਦਗੀ ਕਰਕੇ ਆਸਰਿਤ ਜਾਂ ਆਸਰਿਤ ਦੀ ਸਥਿਤੀ ਖੁੰਝਣਾ
- ਆਮਦਨ ਵਿੱਚ ਤਬਦੀਲੀ ਹੋਣੀ
- ਹੋਰ ਸਿਹਤ ਬੀਮਾ ਖੁੰਝਣਾ
- ਮੁਫ਼ਤ COBRA ਕਵਰੇਜ ਖੁੰਝਣੀ
- ਵਾੱਸ਼ਿੰਗਟਨ ਵਿੱਚ ਜਾਣਾ
- ਨਵੀਂ ਕਾਉਂਟੀ ਵਿੱਚ ਜਾਣਾ
- ਨਾਗਰਿਕਤਾ ਜਾਂ ਮੌਜੂਦਗੀ ਦੀ ਵੈਧ ਸਥਿਤੀ ਵਿੱਚ ਤਬਦੀਲੀ
- ਜੇਲ੍ਹ ਤੋਂ ਰਿਹਾਈ
- ਅਦਾਲਤੀ ਆਦੇਸ਼ ਸਬੰਧੀ ਦਸਤਾਵੇਜ਼ (ਇਸ ਵਿੱਚ ਬਾਲ ਸਹਾਇਤਾ ਸ਼ਾਮਿਲ ਹੁੰਦੀ ਹੈ)

## ਘੱਟ-ਆਮਦਨ ਵਾਲੇ ਪਰਿਵਾਰ

ਘੱਟ-ਆਮਦਨ ਵਾਲੇ ਪਰਿਵਾਰ ਕਿਸੇ ਵੀ ਸਮੇਂ ਵਿਸ਼ੇਸ਼ ਰਜਿਸਟਰੇਸ਼ਨ ਲਈ ਅਪਲਾਈ ਕਰ ਸਕਦੇ ਹਨ। ਯੋਗਤਾ ਵਾਲੀ ਜ਼ਿੰਦਗੀ ਦੀ ਘਟਨਾ ਦੀ ਲੋੜ ਨਹੀਂ ਪੈਂਦੀ। ਇਹ ਲਾਭ ਲੈਣ ਲਈ ਤੁਹਾਨੂੰ ਫ਼ੈਡਰਲ ਗ਼ਰੀਬੀ ਪੱਧਰ ਦੇ 250% ਨਾਲੋਂ ਘੱਟ ਜ਼ਰੂਰ ਬਣਾਉਣਾ ਚਾਹੀਦਾ ਹੈ।

## AI/AN ਵਿਅਕਤੀ ਅਤੇ ਕਬਾਇਲੀ ਮੈਂਬਰ

ਰਜਿਸਟਰੇਸ਼ਨ ਦੇ ਨੇਮ ਕਬਾਇਲੀ ਮੈਂਬਰਾਂ ਅਤੇ ਅਲਾਸਕਾ ਨੇਟਿਵ ਕਾਰਪੋਰੇਸ਼ਨ ਵਿਚਲੇ ਸ਼ੇਅਰਧਾਰਕਾਂ 'ਤੇ ਲਾਗੂ ਨਹੀਂ ਹੁੰਦੇ। ਤੁਸੀਂ ਸਾਲ ਦੇ ਕਿਸੇ ਵੀ ਸਮੇਂ ਰਜਿਸਟਰੇਸ਼ਨ ਕਰ ਸਕਦੇ ਹੋ। ਜੇ ਤੁਸੀਂ ਚੋਣ ਕਰਦੇ ਹੋ, ਤਾਂ ਤੁਸੀਂ ਮਹੀਨੇ ਵਿੱਚ ਇੱਕ ਵਾਰੀ ਆਪਣਾ ਪਲਾਨ ਵੀ ਬਦਲ ਸਕਦੇ ਹੋ।



# ਅਪਲਾਈ ਕਰਨ ਲਈ ਮਿਲਾਨ-ਸੂਚੀ

## ਮੈਨੂੰ ਅਪਲਾਈ ਕਰਨ ਦੀ ਲੋੜ ਕਿਉਂ ਹੈ?

ਜਦੋਂ ਤੁਸੀਂ ਸਿਹਤ ਪਲਾਨ ਲਈ ਅਪਲਾਈ ਕਰਦੇ ਹੋ, ਤਾਂ *Washington Healthplanfinder* ਨੂੰ ਤੁਹਾਡੇ ਬਾਰੇ ਕੁਝ ਬੁਨਿਆਦੀ ਜਾਣਕਾਰੀ ਦੀ ਲੋੜ ਪੈਂਦੀ ਹੈ। ਇਹ ਯਕੀਨੀ ਬਣਾਉਣ ਲਈ ਮਿਲਾਨ-ਸੂਚੀ ਦੀ ਵਰਤੋਂ ਕਰੋ ਕਿ ਤੁਹਾਡੇ ਕੋਲ ਉਹ ਹੈ, ਜੋ ਤੁਹਾਨੂੰ ਚਾਹੀਦਾ ਹੈ।

- [x] **ਕਾਨੂੰਨੀ ਨਾਂ ਅਤੇ ਜਨਮ-ਤਾਰੀਖ਼ਾਂ**
  ਕਵਰੇਜ ਲਈ ਅਪਲਾਈ ਕਰਨ ਵਾਸਤੇ ਤੁਹਾਨੂੰ ਹਰ ਵਿਅਕਤੀ ਦੇ ਕਾਨੂੰਨੀ ਨਾਂ ਅਤੇ ਜਨਮ-ਤਾਰੀਖ਼ ਦੀ ਲੋੜ ਪਏਗੀ।
- [x] **ਸੋਸ਼ਲ ਸਿਕਿਓਰਿਟੀ ਨੰਬਰ**
  ਜੇ ਉਹਨਾਂ ਕੋਲ ਸੋਸ਼ਲ ਸਿਕਿਓਰਿਟੀ ਨੰਬਰ ਹੈ, ਤਾਂ ਅਪਲਾਈ ਕਰਨ ਵੇਲੇ ਹਰ ਵਿਅਕਤੀ ਦਾ ਨੰਬਰ ਤਿਆਰ ਰੱਖੋ। ਜੇ ਤੁਹਾਡੇ ਕੋਲ ਨਹੀਂ ਹੈ, ਤਾਂ ਤੁਸੀਂ ਅਜੇ ਵੀ ਅਪਲਾਈ ਕਰ ਸਕਦੇ ਹੋ।
- [x] **ਗ਼ੈਰ-ਨਾਗਰਿਕ ਸਥਿਤੀ**
  ਜੇ ਤੁਸੀਂ ਨਾਗਰਿਕ ਨਹੀਂ ਹੋ, ਤਾਂ ਸਾਨੂੰ ਤੁਹਾਡੀ ਸਥਿਤੀ ਬਾਰੇ ਜਾਣਨ ਦੀ ਲੋੜ ਪੈ ਸਕਦੀ ਹੈ। ਜੇ ਇਹ ਮਾਮਲਾ ਹੈ, ਤਾਂ ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਮੈਂਬਰ ਅਜੇ ਵੀ ਕਵਰੇਜ ਲੈ ਸਕਦੇ ਹਨ।
- [x] **ਆਮਦਨ ਅਤੇ ਟੈਕਸ ਰਿਟਰਨ ਭਰਨ ਦੀ ਸਥਿਤੀ**
  ਅਪਲਾਈ ਕਰਨ ਵੇਲੇ ਹਰ ਵਿਅਕਤੀ ਬਾਰੇ, ਜੇ ਤੁਹਾਡੇ ਕੋਲ ਕੋਈ ਜਾਣਕਾਰੀ ਹੈ, ਤਾਂ ਆਮਦਨ ਬਾਰੇ ਕੋਈ ਵੀ ਜਾਣਕਾਰੀ ਇਕੱਠੀ ਕਰੋ। ਇਸ ਵਿੱਚ W-2 ਫ਼ਾਰਮ ਅਤੇ ਟੈਕਸ ਰਿਟਰਨ ਸ਼ਾਮਿਲ ਹੋ ਸਕਦੀ ਹੈ।
- [x] **ਹੋਰ ਬੀਮਾ ਜਾਣਕਾਰੀ**
  ਤੁਹਾਡੇ ਕੋਲ ਸਿਹਤ ਬੀਮੇ ਦੇ ਹੋਰ ਵਿਕਲਪ ਹੋ ਸਕਦੇ ਹਨ, ਜਿਵੇਂ Medicare, Tri-Care ਜਾਂ ਨੌਕਰੀ ਨਾਲ ਜੁੜੀ ਹੋਈ ਕਵਰੇਜ। ਅਪਲਾਈ ਕਰਨ ਵੇਲੇ, ਤੁਸੀਂ ਇਹ ਜਾਣਕਾਰੀ ਇਕੱਠੀ ਕਰੋ।

# ਕਵਿੇਂ ਅਪਲਾਈ ਕਰੋ

### ਮੇਰੇ ਕੋਲ ਸਭ ਕੁਝ ਹੈ, ਜਿਸਦੀ ਮੈਨੂੰ ਲੋੜ ਹੈ! ਹੁਣ ਕੀ ਹੋਏਗਾ?

wahealthplanfinder.org ਤੁਸੀਂ WAPlanfinder ਐਪ ਜਾਂ ਫੋਨ 'ਤੇ ਕਵਰੇਜ ਲਈ ਅਪਲਾਈ ਕਰ ਸਕਦੇ ਹੋ।

**ਔਨਲਾਈਨ wahealthplanfinder.org 'ਤੇ ਸਾਈਨ ਅਪ ਕਰਨਾ**

ਇੱਕ ਖਾਤਾ ਬਣਾਓ, ਹੈਲਥ ਪਲਾਨ ਲਓ ਅਤੇ wahealthplanfinder.org ਲਾਹੇਵੰਦ ਜਾਣਕਾਰੀ ਦਾ ਪਤਾ ਲਾਓ।

**ਸਾਨੂੰ 1-855-923-4633 'ਤੇ ਕਾੱਲ ਕਰੋ**

ਫੋਨ ਰਾਹੀ ਗਾਹਕ ਸਹਾਇਤਾ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7:30 ਵਜੇ ਤੋਂ ਸ਼ਾਮੀ 5:30 ਵਜੇ ਤੱਕ ਉਪਲਬਧ ਹੈ।

**WAPlanfinder ਐਪ ਡਾਉਨਲੋਡ ਕਰਨੀ**

ਸਾਡੀ ਮੋਬਾਈਲ ਐਪ Apple App Store ਅਤੇ Google Play 'ਤੇ ਉਪਲਬਧ ਹੈ।

## ਕਲਿੱਕ ਕਰਨਾ। ਤੁਲਨਾ ਕਰਨੀ। ਕਵਰੇਜ ਲੈਣੀ।

*Washington Healthplanfinder* ਰਾਹੀ ਆਪਣੀਆਂ ਜ਼ਰੂਰਤਾਂ ਲਈ ਢੁਕਵਾਂ ਪਲਾਨ ਲੱਭਣਾ ਅਸਾਨ ਹੈ। ਭਾਵੇਂ ਤੁਸੀਂ wahealthplanfinder.org ਦੀ ਜਾਂ WAPlanfinder ਐਪ ਦੀ ਵਰਤੋਂ ਕਰਦੇ ਹੋ, ਇਹ ਅਸਾਨ ਕੰਮ ਕਰੋ।

1

**ਕਵਰੇਜ ਲੈਣੀ ਅਤੇ ਤੁਲਨਾ ਕਰਨੀ।**
ਆਪਣੀ ਉਮਰ, ਤਮਾਖੂ ਦੀ ਵਰਤੋਂ ਅਤੇ ਅੰਦਾਜ਼ਨ ਆਮਦਨ ਬਾਰੇ ਜਾਣਕਾਰੀ ਮੁਹੱਈਆ ਕਰਾਓ। ਜਿਹੜੇ ਸਿਹਤ ਪਲਾਨ ਤੁਸੀਂ ਲੈ ਸਕਦੇ ਹੋ, ਉਹਨਾਂ ਦੀ ਇੱਕ ਸੂਚੀ ਅਤੇ ਪ੍ਰੀਮੀਅਮਾਂ ਬਾਰੇ ਜਾਣਕਾਰੀ ਮਿਲੇਗੀ।

2

**ਅਪਲਾਈ ਕਰਨਾ!**
ਟੈਕਸ ਭਰਨ ਦੀ ਸਥਿਤੀ ਅਤੇ ਆਮਦਨ ਦੇ ਸਰੋਤਾਂ ਵਰਗੀ ਹੋਰ ਜਾਣਕਾਰੀ ਭਰੋ। ਇਸ ਨਾਲ ਤੁਸੀਂ ਵੇਖੋਗੇ ਕਿ ਤੁਸੀਂ ਮਾਲੀ ਸਹਾਇਤਾ, Washington Apple Health (Medicaid) ਜਾਂ ਢੁਕਵੇਂ ਸਿਹਤ ਪਲਾਨ ਲਈ ਯੋਗ ਹੋ।

3

**ਇੱਕ ਪਲਾਨ ਚੁਣਨਾ।**
ਤੁਹਾਡੀ ਸਥਿਤੀ ਨੂੰ ਵੇਖਦਿਆਂ ਤੁਹਾਡੇ ਕੋਲ ਕਈ ਵਿਕਲਪ ਹੋ ਸਕਦੇ ਹਨ। ਆਪਣੇ ਅਤੇ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਲਈ ਵਧੀਆ ਪਲਾਨ ਚੁਣੋ।

4

**ਕਵਰੇਜ ਲੈਣੀ।**
ਜਿਵੇਂ ਹੀ ਤੁਸੀਂ ਆਪਣੇ ਚੁਣੇ ਹੋਏ ਪਲਾਨ ਦੀ ਪੁਸ਼ਟੀ ਕਰਦੇ ਹੋ, ਤੁਸੀਂ ਛੇਤੀ ਹੀ ਘੇਰੇ ਹੇਠ ਆ ਜਾਓਗੇ। ਜਿਵੇਂ ਹੀ ਤੁਹਾਨੂੰ ਪਤਾ ਚੱਲੇ ਕਿ ਤੁਹਾਡੀ ਕਵਰੇਜ ਸ਼ੁਰੂ ਹੋ ਗਈ ਹੈ, ਆਪਣੇ ਪਹਿਲੇ ਪ੍ਰੀਮੀਅਮ ਬਿਲ ਦਾ ਭੁਗਤਾਨ ਕਰੋ। ਤੁਹਾਨੂੰ, ਤੁਹਾਡੇ ਵਲੋਂ ਚੁਣੀ ਗਈ ਬੀਮਾ ਕੰਪਨੀ ਤੋਂ ਇੱਕ ਬੀਮਾ ਕਾਰਡ ਮਿਲੇਗਾ।

## ਆਪਣੀ ਅਰਜ਼ੀ ਲਈ ਮਦਦ ਲਓ।

ਸਟੇਟ ਭਰ ਵਿਚਲੇ ਮਾਹਿਰਾਂ ਨਾਲ ਸਾਡੀ ਭਾਈਵਾਲੀ ਹੈ, ਜੋ ਦਸਤਖ਼ਤ ਕਰਨ ਦੇ ਅਮਲ ਵਿੱਚ ਤੁਹਾਡੀ ਮਦਦ ਕਰਨਗੇ। ਇਹਨਾਂ ਮਾਹਿਰਾਂ ਨੂੰ ਬਰੋਕਰ ਅਤੇ ਨੈਵੀਗੇਟਰ ਕਿਹਾ ਜਾਂਦਾ ਹੈ। ਇਹ ਮਾਹਿਰ ਸਿਹਤ ਪਲਾਨ ਜਾਂ ਰਜਿਸਟਰੇਸ਼ਨ ਕਿਵੇਂ ਕਰੋ, ਬਾਰੇ ਤੁਹਾਡੇ ਸੁਆਲਾਂ ਦੇ ਜਵਾਬ ਦੇ ਸਕਦੇ ਹਨ। ਉਹ ਤੁਹਾਨੂੰ ਇਹ ਵੀ ਦੱਸ ਸਕਦੇ ਹਨ ਕਿ ਤੁਸੀਂ ਮਾਲੀ ਸਹਾਇਤਾ ਲਈ ਯੋਗ ਹੋ ਜਾਂ ਨਹੀਂ।

ਬਰੋਕਰ ਅਤੇ ਨੈਵੀਗੇਟਰ ਆਮ ਤੌਰ 'ਤੇ ਮੁਫ਼ਤ ਮਦਦ ਕਰਦੇ ਹਨ। wahealthplanfinder.org ਜਾਂ WAPlanfinder ਐਪ 'ਤੇ ਆਪਣੇ ਇਲਾਕੇ ਵਿਚਲੇ ਇੱਕ ਮਾਹਿਰ ਦਾ ਪਤਾ ਲਾਓ।

## ਸਿਟੀ ਰਾਹੀ ਨੈਵੀਗੇਟਰਾਂ ਅਤੇ ਬਰੋਕਰਾਂ ਵਾਲੇ ਐਨਰੋਲਮੈਂਟ ਸੈਂਟਰ

**Bellingham**
Rice Insurance
1400 Broadway Street, Bellingham, WA 98225
*ਫੋਨ:* 1-360-734-1161
*ਈਮੇਲ:* keith@riceinsurance.com

**Everett**
Health Insurance Solutions NW, LLC
7003 Evergreen Way, Suite B, Everett, WA 98203
*ਫੋਨ:* 1-425-252-5105
*ਈਮੇਲ:* neil@his-nw.com

**Federal Way**
Public Health Seattle & King County
1640 S 318th Place, Federal Way, WA 98003
*ਫੋਨ:* 1-800-756-5437
*ਈਮੇਲ:* chap@kingcounty.gov

**Kennewick**
Advisor Health Benefits Group
1446 Spaulding Ave, Suite 302, Richland, WA 99352
*ਫੋਨ:* 1-509-524-9611
*ਈਮੇਲ:* kevin@advisorhealthbenefits.com

**Seattle**
Financial Designs
2723 California Avenue SW, Seattle, WA 98116
*ਫੋਨ:* 1-425-392-7390
*ਈਮੇਲ:* cmcclure@financialdesignsinsurance.com

**Spokane**
Better Health Together Enrollment Center
157 S Howard, Ste 102, Spokane, WA 99201
*ਫੋਨ:* 1-509-370-5605
*ਈਮੇਲ:* bhtnavigatorstaff@BetterHealthTogether.org
*ਵੈਬਸਾਈਟ:* www.betterhealthtogether.org/navigators

---

**Tacoma**
FND Insurance & Financial Services, LLC
5515 Steilacoom Blvd SW, Suite 122, Lakewood, WA 98499
*ਫੋਨ:* 1-253-302-5579
*ਈਮੇਲ:* teamfnd@fndinsurance.com

---

**Vancouver**
Applied Team Insurance
8513 NE Hazel Dell Avenue, Suite 101, Vancouver, WA 98665
*ਫੋਨ:* 1-360-726-6092
*ਈਮੇਲ:* marlena@appliedteamins.com

---

**Wenatchee**
Suzie Health Insurance
413 N Mission Street, Wenatchee, WA 98801
*ਫੋਨ:* 1-509-295-9055
*ਈਮੇਲ:* info@wahbroker.org

---

**Yakima**
Yakima Neighborhood Health Services
610 Yakima East Avenue, Yakima, WA 98901
*ਫੋਨ:* 1-509-853-2377
*ਈਮੇਲ:* navigators@ynhs.org

## ਕਾਉਂਟੀ ਰਾਹੀ ਨੈਵੀਗੇਟਰਾਂ ਵਾਲੇ ਐਨਰੋਲਮੈਂਟ ਸੈਂਟਰ

**Adams, Ferry, Lincoln, Pend Oreille, Spokane, Stevens ਜਾਂ Whitman ਕਾਉਂਟੀ**
ਬੈਟਰ ਹੈਲਥ ਟੁਗੈਦਰ (Better Health Together)
*ਫੋਨ:* 1-509-381-5573
*ਈਮੇਲ:* bhtnavigatorstaff@BetterHealthTogether.org
*ਵੈਬਸਾਈਟ:* www.betterhealthtogether.org/navigators

**King, Clallam ਜਾਂ Jefferson ਕਾਉਂਟੀ**
ਪਬਲਿਕ ਹੈਲਥ ਸੀਏਟਲ ਅਤੇ ਕਿੰਗ ਕਾਉਂਟੀ
*ਫੋਨ:* 1-800-756-5437
*ਈਮੇਲ:* chap@kingcounty.gov

**King, Pierce, Snohomish ਜਾਂ Thurston ਕਾਉਂਟੀ**
ਕੋਰੀਅਨ ਵੁਮੈਨ'ਸ ਐਸੋਸੀਏਸ਼ਨ
*ਫੋਨ:* 253-535-4202
*ਵੈਬਸਾਈਟ:* www.kwacares.org

**Chelan, Douglas, Grant ਜਾਂ Okanogan ਕਾਉਂਟੀ**
ਕੰਫ਼ਲਿਉਐਂਸ ਹੈਲਥ/ਵੈਨਾਚੀ ਵੈਲੀ ਹਸਪਤਾਲ
*ਫੋਨ:* 1-509-433-3383
*ਈਮੇਲ:* sm_ch_lead_org@confluencehealth.org

**Kitsap ਕਾਉਂਟੀ**
ਪੈਨਿਨਸੁਲਾ ਭਾਈਚਾਰਕ ਸਿਹਤ ਸੇਵਾਵਾਂ
*ਫੋਨ:* 1-360-377-3776
*ਈਮੇਲ:* eligibility@pchsweb.org

**Clark, Cowlitz, Grays Harbor, Klickitat, Lewis, Mason, Pacific, Pierce, Thurston, Snohomish, Skagit, Skamania, Wahkiakum ਜਾਂ Whatcom ਕਾਉਂਟੀ**
ਸੀ ਮਾਰ ਕਮਿਉਨਿਟੀ ਹੈਲਥ ਸੈਂਟਰ
*ਫੋਨ:* 1-855-289-4503
*ਈਮੇਲ:* seamaripa@seamarchc.org

**Asotin, Benton, Columbia, Franklin, Garfield ਜਾਂ Walla Walla ਕਾਉਂਟੀ**
ਟ੍ਰਾਈ-ਸਿਟੀਜ਼ ਕਮਿਉਨਿਟੀ ਹੈਲਥ
*ਫੋਨ:* 1-509-543-1952
*ਈਮੇਲ:* enrollmentHBE@mytcch.org
*ਵੈਬਸਾਈਟ:* www.mytcch.org

**Kittitas ਜਾਂ Yakima ਕਾਉਂਟੀ**
ਯਾਕੀਮਾ ਨੇਬਰਹੁੱਡ ਸਿਹਤ ਸੇਵਾਵਾਂ
*ਫੋਨ:* 1-509-853-2377
*ਈਮੇਲ:* navigators@ynhs.org




# ਸਾਡੇ ਬਾਰੇ ਪਤਾ ਲਾਓ!

ਅਸੀਂ ਇਹਨਾਂ ਸੋਸ਼ਲ ਚੈਨਲਾਂ 'ਤੇ ਲਾਹੇਵੰਦ ਜਾਣਕਾਰੀ ਅਤੇ ਰਜਿਸਟਰ੍ਰੇਸ਼ਨ ਬਾਰੇ ਅਪਡੇਟ ਸਾਂਝੀ ਕਰਦੇ ਹਾਂ।

- Washington Healthplanfinder
- waplanfinder
- waplanfinder

washington
healthplanfinder
click. compare. covered.

wahealthplanfinder.org
1-855-WAFINDER | 1-855-923-4633